# Prime Minister Addresses the virtual Global Vaccine Summit 2020

June 04, 2020

---

## ਵਰਚੁਅਲ ਗਲੋਬਲ ਟੀਕਾ ਸੰਮੇਲਨ 2020 ਨੂੰ ਪ੍ਰਧਾਨ ਮੰਤਰੀ ਦਾ ਸੰਬੋਧਨ

4 ਜੂਨ, 2020

ਭਾਰਤ ਨੇ ਅੱਜ ਕੌਮਾਂਤਰੀ ਟੀਕਾ ਗੱਠਜੋੜ GAVI ਨੂੰ 1. 5 ਕਰੋੜ ਅਮਰੀਕੀ ਡਾਲਰ ਦੇਣ ਦੀ ਵਚਨਬੱਧਤਾ ਦਿੱਤੀ ਹੈ।

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੁਆਰਾ ਕਰਾਏ ਗਏ ਵਰਚੁਅਲ ਗਲੋਬਲ ਟੀਕਾ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ, ਜਿਸ ਵਿਚ 50 ਤੋਂ ਵੱਧ ਦੇਸ਼ਾਂ - ਕਾਰੋਬਾਰੀ ਨੇਤਾਵਾਂ, ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ, ਨਾਗਰਿਕ ਸਮਾਜ, ਸਰਕਾਰ ਦੇ ਮੰਤਰੀਆਂ, ਦੇਸ਼ਾਂ ਦੇ ਮੁਖੀਆਂ ਅਤੇ ਦੇਸ਼ਾਂ ਦੇ ਨੇਤਾਵਾਂ ਨੇ ਹਿੱਸਾ ਲਿਆ।

ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਔਖੀ ਘੜੀ ਵਿਚ ਭਾਰਤ ਦੁਨੀਆ ਦੇ ਨਾਲ ਇੱਕਜੁਟ ਹੋ ਕੇ ਖੜ੍ਹਾ ਹੈ।

ਸ਼੍ਰੀ ਮੋਦੀ ਨੇ ਕਿਹਾ ਕਿ  ਭਾਰਤੀ ਸਭਿਅਤਾ ਦੁਨੀਆਂ ਨੂੰ ਇੱਕ ਪਰਿਵਾਰ ਦੇ ਤੌਰ 'ਤੇ ਮੰਨਣਾ ਸਿਖਾਉਂਦੀ ਹੈ ਅਤੇ ਇਸ ਮਹਾਂਮਾਰੀ ਦੌਰਾਨ ਦੇਸ਼ ਨੇ ਇਸ ਸਿੱਖਿਆ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜਿਹਾ ਭਾਰਤ ਨੇ ਆਪਣੀ ਵੱਡੀ ਅਬਾਦੀ ਦੀ ਰੱਖਿਆ ਕਰਨ ਦੇ ਨਾਲ ਨਾਲ ਆਪਣੇ ਦਵਾਈਆਂ ਦੇ ਉਪਲਬਧ ਸਟਾਕ 120 ਤੋਂ ਵੱਧ ਦੇਸ਼ਾਂ ਨਾਲ ਸਾਂਝਾ ਕਰਕੇ, ਆਪਣੇ ਨੇੜਲੇ ਗੁਆਂਢੀਆਂ ਨਾਲ ਸਾਂਝੇ ਪ੍ਰਤੀਕਰਮ ਦੀ ਰਣਨੀਤੀ ਬਣਾ ਕੇ ਅਤੇ ਮੰਗ ਕਰਨ ਵਾਲੇ ਦੇਸ਼ਾਂ ਨੂੰ ਵਿਸ਼ੇਸ਼ ਸਹਾਇਤਾ ਪ੍ਰਦਾਨ ਕਰਕੇ ਕੀਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ COVID 19 ਮਹਾਂਮਾਰੀ ਨੇ ਕੁਝ ਹੱਦ ਤਕ ਕੌਮਾਂਤਰੀ ਭਾਈਵਾਲੀ ਦੀਆਂ ਸਰਹੱਦਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਹਾਲੀਆ ਇਤਿਹਾਸ ਵਿਚ ਪਹਿਲੀ ਵਾਰ ਮਨੁੱਖਤਾ ਸਾਂਝੇ ਦੁਸ਼ਮਣ ਦਾ ਸਾਫ ਤੌਰ 'ਤੇ ਸਾਹਮਣਾ ਕਰ ਰਹੀ ਹੈ।

GAVI ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਇਹ ਸਿਰਫ ਇੱਕ ਕੌਮਾਂਤਰੀ ਗਠਜੋੜ ਹੀ ਨਹੀਂ ਹੈ, ਬਲਕਿ ਇਹ ਕੌਮਾਂਤਰੀ ਏਕਤਾ ਦਾ ਪ੍ਰਤੀਕ ਹੈ ਅਤੇ ਇਸ ਗੱਲ ਨੂੰ ਯਾਦ ਦਿਵਾਉਂਦਾ ਹੈ ਕੀ ਦੂਜਿਆਂ ਦੀ ਮਦਦ ਕਰਕੇ ਅਸੀਂ ਆਪਣੀ ਮਦਦ ਵੀ ਕਰ ਸਕਦੇ ਹਾਂ।

ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਆਬਾਦੀ ਬਹੁਤ ਵੱਡੀ ਹੈ ਅਤੇ ਸਿਹਤ ਸਹੂਲਤਾਂ ਸੀਮਤ ਹਨ ਅਤੇ ਇਹ ਟੀਕਾਕਰਨ ਦੀ ਮਹੱਤਤਾ ਨੂੰ ਸਮਝਦਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਪਹਿਲੇ ਪ੍ਰੋਗਰਾਮਾਂ ਵਿਚੋਂ ਇੱਕ ਮਿਸ਼ਨ ਇੰਦਰਧਨੁਸ਼ ਸੀ, ਜਿਸ ਦਾ ਉਦੇਸ਼ ਇਸ ਵਿਸ਼ਾਲ ਦੇਸ਼ ਦੇ ਦੂਰ ਦੁਰਾਡੇ ਦੇ ਇਲਾਕਿਆਂ 'ਚ ਰਹਿ ਰਹੇ ਬੱਚਿਆਂ ਸਮੇਤ ਦੇਸ਼ ਦੇ ਸਾਰੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਪੂਰਨ ਟੀਕਾਕਰਨ ਯਕੀਨੀ ਬਣਾਉਣਾ ਹੈ।

ਉਨ੍ਹਾਂ ਨੇ ਕਿਹਾ ਕਿ  ਸੁਰੱਖਿਆ ਨੂੰ ਹੋਰ ਵਧਾਉਣ ਲਈ ਭਾਰਤ ਨੇ ਆਪਣੇ ਕੌਮੀ ਟੀਕਾਕਰਨ ਪ੍ਰੋਗਰਾਮ ਵਿਚ ਛੇ ਨਵੇਂ ਟੀਕੇ ਸ਼ਾਮਲ ਕੀਤੇ ਹਨ।

ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਕਿੰਜ ਭਾਰਤ ਨੇ ਆਪਣੀ ਪੂਰੀ ਟੀਕਾ ਸਪਲਾਈ ਲਾਈਨ ਨੂੰ ਡਿਜੀਟਾਈਜ਼ ਕੀਤਾ ਹੈ ਅਤੇ ਆਪਣੀ ਕੋਲਡ ਚੇਨ ਦੀ ਅਖੰਡਤਾ 'ਤੇ ਨਜ਼ਰ ਰੱਖਣ ਲਈ ਇਲੈਕਟ੍ਰਾਨਿਕ ਟੀਕਾ ਇੰਟੈਲਿਜੇਂਸ ਨੈਟਵਰਕ ਬਣਾਇਆ ਹੈ।

ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਸਦਕਾ ਅਖ਼ੀਰਲੇ ਥਾਂ ਤੱਕ ਸਹੀ ਸਮੇਂ ਤੇ ਸਹੀ ਮਿਕਦਾਰ ਵਿਚ ਸੁਰੱਖਿਅਤ ਅਤੇ ਕਾਰਗਰ ਟੀਕਿਆਂ ਦੀ ਉਪਲਬਧਤਾ ਯਕੀਨੀ ਬਣ ਸਕੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਟੀਕਾ ਨਿਰਮਾਤਾ ਹੈ ਅਤੇ ਇਹ ਖੁਸ਼ਕਿਸਮਤੀ ਦੀ ਗੱਲ ਹੈ ਕਿ ਇਹ ਦੁਨੀਆਂ ਅੰਦਰ ਲਗਭਗ 60 ਪ੍ਰਤੀਸ਼ਤ ਬੱਚਿਆਂ ਦੇ ਟੀਕਾਕਰਨ ਵਿਚ ਆਪਣਾ ਯੋਗਦਾਨ ਪਾ ਸਕਿਆ ਹੈ।

ਸ਼੍ਰੀ ਮੋਦੀ ਨੇ ਕਿਹਾ ਕਿ ਭਾਰਤ GAVI ਦੇ ਕੰਮ ਦਾ ਸਨਮਾਨ ਕਰਦਾ ਹੈ ਅਤੇ ਇਸ ਦੀ ਕਦਰ ਕਰਦਾ ਹੈ, ਇਸੇ ਲਈ ਇਸਨੇ GAVI ਵੱਲੋਂ ਮਦਦ ਲੈਣ ਦੇ ਪਾਤਰ ਹੋਣ ਦੇ ਬਾਵਜੂਦ GAVI ਵਿਚ ਦਾਨ ਦਿੱਤਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ GAVI ਨੂੰ ਭਾਰਤ ਵੱਲੋਂ ਦਿੱਤੀ ਜਾ ਰਹੀ ਮਦਦ ਸਿਰਫ ਮਾਇਕ ਨਹੀਂ ਹੈ, ਬਲਕਿ ਭਾਰਤ ਵਿਚ ਟੀਕਿਆਂ ਦੀ ਵੱਡੀ ਮੰਗ ਹੋਣ ਸਦਕਾ ਵੀ ਕੌਮਾਂਤਰੀ ਪੱਧਰ 'ਤੇ ਟੀਕਿਆਂ ਦੇ ਮੁੱਲ ਵੀ ਕਾਫੀ ਘਟ ਜਾਂਦੇ ਹਨ, ਜਿਸ ਨਾਲ ਪਿੱਛਲੇ ਪੰਜ ਸਾਲਾਂ ਦੌਰਾਨ GAVI ਨੂੰ ਲਗਭਗ 40 ਕਰੋੜ ਡਾਲਰ ਦੀ ਬਚਤ ਹੋਈ ਹੈ।

ਪ੍ਰਧਾਨ ਮੰਤਰੀ ਨੇ ਇਸ ਗੱਲ ਨੂੰ ਦੁਹਰਾਇਆ ਕਿ ਸਸਤੀਆਂ ਕੀਮਤਾਂ ਵਾਲੀਆਂ ਮਿਆਰੀ ਦਵਾਈਆਂ ਅਤੇ ਟੀਕੇ ਤਿਆਰ ਕਰਨ ਦੀ ਪਰਖੀ ਸਮਰੱਥਾ ਨਾਲ, ਟੀਕਾਕਰਨ ਨੂੰ  ਤੇਜ਼ੀ ਨਾਲ ਵਿਸਥਾਰਤ ਕਰਨ ਵਿਚ ਇਸਦਾ ਆਪਣਾ ਘਰੇਲੂ ਤਜ਼ਰਬਾ ਅਤੇ ਇਸਦੀ ਨਿੱਗਰ ਵਿਗਿਆਨਕ ਸੋਧ ਪ੍ਰਤਿਭਾ ਨਾਲ ਲੈਸ ਭਾਰਤ ਸਾਰੀ ਦੁਨੀਆਂ ਨਾਲ ਇੱਕਜੁਟ ਹੋ ਕੇ ਖੜਾ ਹੈ।

ਉਨ੍ਹਾਂ ਨੇ ਕਿਹਾ ਕਿ ਭਾਰਤ ਕੋਲ ਸਿਹਤ ਨਾਲ ਜੁੜੇ ਕੌਮਾਂਤਰੀ ਯਤਨਾਂ ਵਿਚ ਯੋਗਦਾਨ ਦੇਣ ਦੀ ਸਮਰੱਥਾ ਹੈ, ਬਲਕਿ ਵੰਡਣ ਅਤੇ ਅਤੇ ਦੇਖਭਾਲ ਕਰਨ ਦੀ ਭਾਵਨਾ ਵਿਚ ਅਜਿਹਾ ਕਰਨ ਦੀ ਤਾਂਘ ਵੀ ਹੈ।

ਨਵੀਂ ਦਿੱਲੀ
4 ਜੂਨ, 2020

DISCLAIMER: This is an approximate translation. The original is available in English on MEA’s website and may be referred to as the official press release.